## ਘਰ ਬੈਠੇ ਕੋਵਿਡ-19 ਟੀਕਾਕਰਣ ਅਤੇ ਬੂਸਟਰ ਦੀ ਪਹੁੰਚ ਅਤੇ ਸਿਹਤ ਸਮਾਨਤਾ ਨੂੰ ਵਧਾਉਣ ਵਿੱਚ ਮਦਦ

Washington ਸਟੇਟ ਦੇ ਲਗਭਗ 30 ਪ੍ਰਤਿਸ਼ਤ ਲੋਕਾਂ ਨੂੰ ਕੋਵਿਡ-19 ਦੇ ਵਿਰੁੱਧ ਪੂਰੀ ਤਰ੍ਹਾਂ ਟੀਕਾ ਲਗਵਾਇਆ ਨਹੀਂ ਮੰਨਿਆ ਜਾਂਦਾ ਹੈ। ਡੇਟਾ ਦਿਖਾਉਂਦਾ ਹੈ ਕਿ ਟੀਕਾਕਰਣ ਵਾਇਰਸ ਤੋਂ ਬਚਾਉਂਦਾ ਹੈ। ਜੇਕਰ ਤੁਸੀਂ ਵਾਇਰਸ ਤੋਂ ਸੰਕਰਮਿਤ ਹੁੰਦੇ ਹੋ ਤਾਂ ਟੀਕਾਕਰਣ ਗੰਭੀਰ ਬਿਮਾਰੀ ਅਤੇ ਮੌਤ ਦੀ ਸੰਭਾਵਨਾ ਨੂੰ ਘਟਾਉਂਦਾ ਹੈ ਅਤੇ ਵਾਇਰਸ ਕਰਕੇ ਹਸਪਤਾਲ ਵਿੱਚ ਭਰਤੀ ਹੋਣ ਨੂੰ ਘੱਟ ਤੋਂ ਘੱਟ ਕਰਨ ਵਿੱਚ ਮਦਦ ਕਰਦਾ ਹੈ। ਕੋਵਿਡ-19 ਦੇ ਨਵੇਂ ਪ੍ਰਕਾਰਾਂ ਦੇ ਵਿਰੁੱਧ ਤੁਹਾਡੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਬਣਾਈ ਰੱਖਣ ਵਿੱਚ ਮਦਦ ਲਈ, ਸ਼ੁਰੂਆਤੀ ਟੀਕੇ ਦੀ ਲੜੀ ਅਤੇ ਇੱਕ ਬੂਸਟਰ ਖੁਰਾਕ ਪ੍ਰਾਪਤ ਕਰਨਾ ਮਹੱਤਵਪੂਰਨ ਹੈ। ਬੂਸਟਰ ਲਈ ਹਾਲੀਆ ਸੁਝਾਅ ਹੇਠਲੇ ਚਾਰਟ ਵਿੱਚ ਦਿਖਾਏ ਗਏ ਹਨ:

| ਮੁਢਲੀ ਲੜੀ ਵਿੱਚ ਲਗਵਾਇਆ ਗਿਆ ਟੀਕਾ | ਬੂਸਟਰ ਟੀਕੇ ਲਈ ਅਧਿਕਾਰਤ ਉਮਰ | ਆਖਰੀ ਮੁਢਲੀ ਖੁਰਾਕ (ਜੇ ਲਾਗੂ ਹੋਵੇ ਤਾਂ ਵਾਧੂ ਦੀ ਖੁਰਾਕ ਸਮੇਤ) ਅਤੇ ਬੂਸਟਰ ਖੁਰਾਕ ਵਿੱਚ ਸਮੇਂ ਦਾ ਅੰਤਰਾਲ | ਖੁਰਾਕਾਂ ਦੀ ਗਿਣਤੀ |
|---|---|---|---|
| Pfizer-BioNTech | ≥ 12 ਸਾਲ | ≥ 5 ਮਹੀਨੇ | 1 |
| Moderna | ≥ 18 ਸਾਲ | ≥ 5 ਮਹੀਨੇ | 1 |
| Janssen | ≥ 18 ਸਾਲ | ≥ 2 ਮਹੀਨੇ | 1 |

ਆਪਣੇ ਆਪ ਨੂੰ ਅਤੇ ਉਹਨਾਂ ਲੋਕਾਂ ਨੂੰ ਬਚਾਉਣ ਵਿੱਚ ਮਦਦ ਕਰੋ ਜੋ ਟੀਕਾਕਰਣ ਕਰਵਾਉਣ ਵਿੱਚ ਅਸਮਰੱਥ ਹਨ। ਕਈ ਘਰ ਵਿੱਚ ਹੀ ਰਹਿਣ ਵਾਲੇ ਲੋਕ ਆਪਣੀ ਰੋਜਾਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਹਨਾਂ ਦੂਜਿਆਂ ਦੀ ਮਦਦ ਉੱਤੇ ਨਿਰਭਰ ਹਨ, ਜੋ ਉਹਨਾਂ ਦੇ ਘਰ ਵਿੱਚ ਨਿਯਮਿਤ ਤੌਰ 'ਤੇ ਆਉਂਦੇ ਜਾਂਦੇ ਹਨ। ਉਹਨਾਂ 'ਤੇ ਹਮੇਸ਼ਾਂ ਉਹਨਾਂ ਲੋਕਾਂ ਦੇ ਸੰਪਰਕ ਵਿੱਚ ਆਉਣ ਦਾ ਜੋਖ਼ਮ ਹੁੰਦਾ ਹੈ ਜਿਨ੍ਹਾਂ ਨੇ ਟੀਕਾ ਨਹੀਂ ਲਗਵਾਇਆ ਜਾਂ ਅਣਜਾਣੇ ਵਿੱਚ ਹੀ ਉਹ ਭਾਈਚਾਰੇ ਵਿੱਚ ਸੰਚਾਰਨ ਦਾ ਅਨੁਭਵ ਕਰ ਸਕਦੇ ਹਨ।

**ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਘਰ ਵਿੱਚ ਹੀ ਰਹਿੰਦਾ ਹੈ ਅਤੇ ਕੋਵਿਡ-19 ਦੇ ਟੀਕੇ ਜਾਂ ਬੂਸਟਰ ਖੁਰਾਕ ਦੀ ਲੋੜ ਹੈ, ਤਾਂ ਅੱਜ ਹੀ ਹੇਠਾਂ ਦਿੱਤੇ ਕਿਸੇ ਵਿਕਲਪ ਰਾਹੀਂ ਇਸ ਲਈ ਬੇਨਤੀ ਕਰੋ:**

- ਘਰ ਵਿੱਚ ਹੀ ਟੀਕਾਕਰਣ ਸੇਵਾਵਾਂ ਪ੍ਰਾਪਤ ਕਰਨ ਲਈ ਆਪਣੇ ਸਥਾਨਕ ਸਿਹਤ ਦੇ ਖੇਤਰ ਅਧਿਕਾਰੀ ਨੂੰ ਕਾਲ ਕਰੋ।
- ਰਾਜ ਦੀ ਕੋਵਿਡ-19 ਸਹਾਇਤਾ ਹੌਟਲਾਈਨ ਨੂੰ ਕਾਲ ਕਰਕੇ ਦੱਸੋ ਕਿ ਤੁਹਾਨੂੰ ਘਰ ਵਿੱਚ ਟੀਕਾਕਰਣ ਸੇਵਾਵਾਂ ਦੀ ਲੋੜ ਹੈ। 1-800-525-0127 ਜਾਂ 1-888-856-5816 ਡਾਇਲ ਕਰੋ, ਫਿਰ # ਦਬਾਓ। **ਭਾਸ਼ਾ ਅਨੁਵਾਦ ਦੀ ਸੇਵਾ ਉਪਲਬਧ ਹੈ!**
- ਖੁਦ ਨੂੰ ਕਾਉਂਟੀ ਅਤੇ/ਜਾਂ ਰਾਜ ਦੀਆਂ ਉਹਨਾਂ ਉਪਲਬਧ ਮੋਬਾਈਲ ਟੀਕਾਕਰਣ ਟੀਮਾਂ ਨਾਲ ਜੋੜਨ ਲਈ ਹੇਠਾਂ ਦਿੱਤੇ ਗਏ ਲਿੰਕ 'ਤੇ ਦਿੱਤੇ ਔਨਲਾਈਨ ਰਜਿਸਟ੍ਰੇਸ਼ਨ ਫਾਰਮ ਨੂੰ ਪੂਰਾ ਭਰੋ, ਜੋ ਘਰ ਵਿੱਚ ਟੀਕਾਕਰਣ ਸੇਵਾਵਾਂ ਪ੍ਰਦਾਨ ਕਰ ਸਕਦੀਆਂ ਹਨ ਜਾਂ ਉਹਨਾਂ ਦਾ ਪ੍ਰਬੰਧ ਕਰ ਸਕਦੀਆਂ ਹਨ।

Department of Health (DOH, ਸਿਹਤ ਵਿਭਾਗ) ਵੱਲੋਂ ਘਰ ਬੈਠੇ ਟੀਕਾਕਰਣ ਕਰਵਾਉਣ ਦੀ ਬੇਨਤੀ ਕਰਨ ਲਈ ਸਰਵੇ ਲਿੰਕ:
https://redcap.link/WA_HomeBasedVax (ਅੰਗਰੇਜ਼ੀ)

ਜੇਕਰ ਇਸ ਸੇਵਾ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਇਸ ਪਤੇ 'ਤੇ ਈਮੇਲ ਕਰੋ: covid.vaccine@doh.wa.gov

## ਪ੍ਰੋਗਰਾਮ ਦਾ ਇਤਿਹਾਸ

Department of Health (DOH, ਸਿਹਤ ਵਿਭਾਗ) ਨੇ ਮਾਰਚ, 2021 ਵਿੱਚ ਘਰ ਵਿੱਚ ਹੀ ਟੀਕਾਕਰਣ ਦੀਆਂ ਸੇਵਾਵਾਂ ਪ੍ਰਦਾਨ ਕਰਨਾ ਸ਼ੁਰੂ ਕੀਤਾ। DOH ਘਰ ਬੈਠੇ ਟੀਕਾ ਲਗਵਾਉਣ ਲਈ ਬੇਨਤੀ ਕਰਨ ਦਾ ਸਰਵੇ (ਅੰਗਰੇਜ਼ੀ) Washington ਸਟੇਟ ਦੀਆਂ ਸਾਰੀਆਂ 39 ਕਾਉਂਟੀਆਂ ਨੂੰ ਕਵਰ ਕਰਦਾ ਹੈ। ਖੇਤਰ ਦੇ ਟੀਕੇ ਲਗਾਉਣ ਵਾਲਿਆਂ ਨੇ ਜਿਹਨਾਂ ਲੋਕਾਂ ਨੂੰ ਲੋੜ ਹੈ ਉਹਨਾਂ ਨੂੰ ਮੁਢਲੇ ਪ੍ਰਤੀਰੱਖਿਆ ਟੀਕੇ ਦੀ ਖੁਰਾਕ ਅਤੇ ਬੂਸਟਰ ਖੁਰਾਕਾਂ ਦੇਣ ਲਈ ਪਹੁੰਚ ਅਤੇ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖਿਆ ਹੈ। ਕੋਵਿਡ-19 ਸਹਾਇਤਾ ਹੌਟਲਾਈਨ (1-800-525-0127 ਜਾਂ 1-888-856-5816 ਡਾਇਲ ਕਰੋ) 'ਤੇ

ਕਾਲ ਕਰਨ ਤੋਂ ਬਾਅਦ ਭਾਸ਼ਾ ਸਹਾਇਤਾ ਲਈ # ਦਬਾ ਕੇ, ਘਰ ਵਿੱਚ ਟੀਕਾਕਰਣ ਸੇਵਾਵਾਂ ਲੈਣ ਲਈ ਅਤਿਰਿਕਤ ਭਾਸ਼ਾਵਾਂ ਵਿੱਚ ਵੀ ਬੇਨਤੀ ਕੀਤੀ ਜਾ ਸਕਦੀ ਹੈ।

**ਟੀਕੇ ਲਈ ਸਮਾਨਤਾ ਵਿੱਚ ਵਾਧਾ**

ਘਰ ਵਿੱਚ ਟੀਕਾਕਰਣ ਸੇਵਾਵਾਂ ਰਾਜ ਦੇ ਅਜਿਹੇ ਖੇਤਰਾਂ ਵਿੱਚ ਕੋਵਿਡ-19 ਦੇ ਟੀਕੇ ਪ੍ਰਦਾਨ ਕਰ ਰਹੀਆਂ ਹਨ, ਜਿੱਥੇ ਕਿਸੇ ਵੀ ਕਾਰਨ ਤੋਂ ਟੀਕਾਕਰਣ ਅਣਉਪਲਬਧ ਹੋ ਸਕਦਾ ਹੈ। ਇਹਨਾਂ ਸੇਵਾਵਾਂ ਦਾ ਉਦੇਸ਼ ਉਹਨਾਂ ਲਈ ਸਿਹਤ ਸਮਾਨਤਾ ਅਤੇ ਕੋਵਿਡ-19 ਟੀਕੇ ਲਈ ਪਹੁੰਚ ਨੂੰ ਹੋਰ ਵਧਾਉਣਾ ਹੈ ਜੋ ਹੇਠਾਂ ਵਿੱਚੋਂ ਕੋਈ ਵੀ ਹੋ ਸਕਦੇ ਹਨ:

- ਜੋ ਘਰ ਛੱਡ ਕੇ ਬਾਹਰ ਜਾਣ, ਲਾਈਨ ਵਿੱਚ ਖੜ੍ਹਨ ਜਾਂ ਕਿਤੇ ਜਾਣ ਵਿੱਚ ਅਸਮਰੱਥ ਹਨ।
- ਜੋ ਕਿਸੇ ਸਰੀਰਕ ਜਾਂ ਮਾਨਸਿਕ ਕਮਜ਼ੋਰੀ ਤੋਂ ਪੀੜਤ ਹਨ।
- ਪਹੁੰਚ ਨੂੰ ਸੀਮਤ ਕਰਨ ਵਾਲੀਆਂ ਮਾਨਸਿਕ ਸਿਹਤ ਸਥਿਤੀਆਂ ਤੋਂ ਪੀੜਤ ਹਨ।

ਘਰ ਬੈਠੇ ਟੀਕੇ ਲਗਵਾਉਣ ਦੀ ਸਹੂਲਤ ਦੇਣਾ, ਸਿਹਤ ਸਮਾਨਤਾ ਨੂੰ ਰਾਜ ਦੇ ਅਜਿਹੇ ਖੇਤਰਾਂ ਵਿੱਚ ਵਧਾਉਣ ਵਿੱਚ ਮਦਦ ਕਰਦਾ ਹੈ, ਜਿਹਨਾਂ ਨੂੰ ਟੀਕੇ ਦੇ ਰੇਗਿਸਤਾਨ ਕਿਹਾ ਜਾਂਦਾ ਹੈ। ਟੀਕੇ ਦੇ ਰੇਗਿਸਤਾਨ ਬਣਨ ਦਾ ਕਾਰਨ, ਹੇਠਾਂ ਦਿੱਤਿਆਂ ਵਿੱਚੋਂ ਕੋਈ ਵੀ ਹੋ ਸਕਦਾ ਹੈ:

- ਉੱਥੇ ਕੋਈ ਟੀਕਾਕਰਣ ਦੇ ਸਥਾਨ ਨਹੀਂ ਹਨ।
- ਉੱਥੇ ਟੀਕੇ ਲਗਾਉਣ ਵਾਲੇ ਕੋਈ ਸਿਹਤ ਸੰਭਾਲ ਪ੍ਰਦਾਤਾ ਨਹੀਂ ਹਨ।
- ਭੂਗੋਲਿਕ ਖੇਤਰ ਅਤੇ ਮੌਜੂਦਾ ਆਬਾਦੀ ਦੇ ਅਨੁਸਾਰ ਸੇਵਾ ਦੇਣ ਵਾਸਤੇ ਬਹੁਤ ਘੱਟ ਪ੍ਰਦਾਤਾ ਉਪਲਬਧ ਹਨ।

ਜਨਤਾ ਲਈ ਟੀਕਾਕਰਣ ਸੇਵਾਵਾਂ ਉਪਲਬਧ ਨਹੀਂ ਹਨ ਜਾਂ ਇਹਨਾਂ ਥਾਵਾਂ 'ਤੇ ਪਹੁੰਚਣਾ ਬਹੁਤ ਮੁਸ਼ਕਿਲ ਹੈ। ਘਰ ਵਿੱਚ ਟੀਕਾਕਰਣ ਦੀਆਂ ਸੇਵਾਵਾਂ, ਪਹੁੰਚ ਦੀ ਸਮੱਸਿਆਵਾਂ ਨੂੰ ਦੂਰ ਕਰਦੀਆਂ ਹਨ, ਜੋ ਅਕਸਰ ਪਹੁੰਚਣ ਵਿੱਚ ਔਖੇ ਭੂਗੋਲਿਕ ਖੇਤਰਾਂ ਅਤੇ ਰਾਜ ਦੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਪੇਸ਼ ਆਉਂਦੀਆਂ ਹਨ।

ਮੋਬਾਈਲ ਟੀਕਾਕਰਣ ਸੇਵਾਵਾਂ ਜੀਵਨ-ਰੱਖਿਅਕ ਟੀਕੇ ਦੀ ਪਹੁੰਚ ਨੂੰ ਸਿੱਧਾ ਲੋਕਾਂ ਨੂੰ ਉਹਨਾਂ ਦੇ ਘਰਾਂ ਵਿਖੇ ਪ੍ਰਦਾਨ ਕਰਨ ਵਿੱਚ ਮਦਦ ਕਰਦੀਆਂ ਹਨ। ਇਹ ਸੇਵਾ ਸਿੱਧੇ ਤੌਰ 'ਤੇ ਉੱਚ ਸਮਾਜਿਕ ਕਮਜ਼ੋਰੀ ਸੂਚਕਾਂਕ ਵਾਲੇ ਖੇਤਰਾਂ 'ਤੇ ਫੋਕਸ ਕਰਦੀ ਹੈ, ਜੋ ਸੰਭਾਵੀ ਸਿਹਤ ਦੀ ਅਸਮਾਨਤਾਵਾਂ ਨੂੰ ਦਰਸਾਉਂਦੇ ਹਨ। ਪ੍ਰਤੀਰੱਖਿਆ ਵਾਸਤੇ ਲੋਕ ਸਰਵੇ ਰਾਹੀਂ ਬੇਨਤੀ ਕਰ ਸਕਦੇ ਹਨ, ਭਾਵੇਂ ਉਹ Washington ਵਿੱਚ ਕਿਤੇ ਵੀ ਰਹਿੰਦੇ ਹੋਣ।

**ਕੀ ਕੋਵਿਡ-19 ਦੇ ਟੀਕੇ ਤੋਂ ਇਆਵਾ, ਘਰ ਬੈਠੇ ਮਿਲਣ ਵਾਲੀਆਂ ਹੋਰ ਸੇਵਾਵਾਂ ਵੀ ਉਪਲਬਧ ਹਨ?**

ਵਰਤਮਾਨ ਸਮੇਂ ਵਿੱਚ, ਮੋਬਾਈਲ ਨਰਸ ਟੀਮਾਂ ਸਿਰਫ ਕੋਵਿਡ-19 ਪ੍ਰਤੀਰੱਖਿਆ ਦੇ ਟੀਕੇ ਹੀ ਪ੍ਰਦਾਨ ਕਰਦੀਆਂ ਹਨ। ਬੁਖਾਰ ਦੇ ਟੀਕੇ ਅਤੇ ਲੈਬੋਰੇਟਰੀ ਤੋਂ ਖੂਨ ਲੈਣ ਵਰਗੀਆਂ ਹੋਰ ਸੰਭਾਵਿਤ ਸੇਵਾਵਾਂ, ਇਸ ਵੇਲੇ ਉਪਲਬਧ ਨਹੀਂ ਹਨ।

ਮੋਬਾਈਲ ਟੀਮ ਦੀ ਸੇਵਾ, ਸਿਹਤ ਸਮਾਨਤਾ ਨੂੰ ਅਜਿਹੇ ਲੋਕਾਂ ਤੱਕ ਵਧਾਉਣ ਵਿੱਚ ਮਦਦ ਲਈ ਹਾਜਰ ਹੈ, ਜਿਹਨਾਂ 'ਤੇ ਕੋਵਿਡ-19 ਤੋਂ ਮੌਤ ਅਤੇ ਹਸਪਾਤਲ ਵਿੱਚ ਦਾਖਲ ਹੋਣ ਦਾ ਭਾਰੀ ਖਤਰਾ ਹੈ। ਕਿਰਪਾ ਕਰਕੇ ਕਿਸੇ ਅਜਿਹੇ ਲੋੜਵੰਦ ਲਈ ਸਰਵੇ ਪੂਰਾ ਕਰਨ ਬਾਰੇ ਵਿਚਾਰ ਕਰੋ ਜਿਸ ਨੂੰ ਅੱਜ ਕੋਵਿਡ-19 ਦੇ ਟੀਕੇ ਤੱਕ ਪਹੁੰਚ ਦੀ ਲੋੜ ਹੈ।

**ਬੇਨਤੀ ਸਬਮਿਟ ਕਰਨ ਤੋਂ ਬਾਅਦ ਮੈਂ ਕੀ ਉਮੀਦ ਕਰ ਸਕਦਾ/ਸਕਦੀ ਹਾਂ?**

DOH ਹਰ ਹਫ਼ਤੇ ਬੇਨਤੀ ਫਾਰਮ ਇਕੱਤਰ ਕਰਦਾ ਹੈ ਅਤੇ ਪਹੁੰਚ ਅਤੇ ਉਹਨਾਂ 'ਤੇ ਕਾਰਵਾਈ ਲਈ ਨਿਵਾਸੀ ਦੇ ਸਥਾਨਕ ਸਿਹਤ ਖੇਤਰ ਅਧਿਕਾਰੀ ਨੂੰ ਭੇਜਦਾ ਹੈ। ਸਥਾਨਕ ਸਿਹਤ ਦਫਤਰ ਦੇ ਕਰਮਚਾਰੀ ਮੋਬਾਈਲ ਪ੍ਰਤੀਰੱਖਿਆ ਟੀਮ ਨਾਲ ਸੰਪਰਕ ਕਰਦੇ ਹਨ। ਜੇਕਰ ਸਥਾਨਕ ਸਿਹਤ ਕਰਮਚਾਰੀ ਘਰ ਵਿੱਚ ਟੀਕਾਕਰਣ ਕਰਵਾਉਣ ਲਈ ਇੰਤਜਾਮ ਨਹੀਂ ਕਰ ਸਕਦੇ ਹਨ, ਤਾਂ ਉਹ ਸਹਾਇਤਾ ਲਈ DOH ਨਾਲ ਤਾਲਮੇਲ ਕਰਨਗੇ।

ਕਿਸੇ ਵੀ ਅਨੁਵਾਦ ਦੀਆਂ ਲੋੜਾਂ ਸੰਬੰਧੀ ਸਹਾਇਤਾ ਲਈ ਰਿਮੋਟ ਭਾਸ਼ਾ ਲਾਈਨ ਸਹਾਇਤਾ ਉਪਲਬਧ ਹੈ। ਜੇਕਰ ਸਥਾਨਕ ਜਨਤਕ ਸਿਹਤ ਦਫਤਰ ਮਦਦ ਕਰਨ ਵਿੱਚ ਅਸਮਰੱਥ ਹੈ, ਤਾਂ ਦਫਤਰ DOH ਨੂੰ ਸਹਾਇਤਾ ਲਈ ਬੇਨਤੀ ਕਰ ਸਕਦਾ ਹੈ। ਮੋਬਾਈਲ ਪ੍ਰਤੀਰੱਖਿਆ ਟੀਮ, ਮੁਫ਼ਤ ਘਰ-ਅਧਾਰਿਤ ਕੋਵਿਡ-19 ਟੀਕੇ ਦੀ ਸੇਵਾ ਦਾ ਕਾਰਜਕ੍ਰਮ ਨਿਰਧਾਰਿਤ ਕਰਨ ਲਈ ਬੇਨਤੀਕਰਤਾ ਨਾਲ ਸੰਪਰਕ ਕਰੇਗੀ।